**ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ**

**ਨਰਮੇ-ਕਪਾਹ ਦੀ ਕਾਸ਼ਤ ਲਈ 23ਵੀਂ ਹਫ਼ਤਾਵਾਰੀ ਸਲਾਹ (24 ਅਕਤੂਬਰ ਤੋਂ 30 ਅਕਤੂਬਰ, 2023 ਤੱਕ)**

| **ਪੰਜਾਬ** | | **ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.)** | | | | | **ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.)** | | | | |
|---|---|---|---|---|---|---|---|---|---|---|---|
| | | **ਅਕਤੂਬਰ** | | | | | **ਅਕਤੂਬਰ** | | | | |
| | | **20** | **21** | **22** | **23** | **24** | **26** | **27** | **28** | **29** | **30** |
|  | ਫ਼ਿਰੋਜ਼ਪੁਰ | | | | | | 0 | 0 | 2 | 0 | 0 |
| | ਫ਼ਰੀਦਕੋਟ | 0 | 0 | 0 | 0 | 0 | 0 | 2 | 0 | 0 | 0 |
| | ਮੁਕਤਸਰ | 0 | 0 | 2 | 0 | 0 | 0 | 1 | 0 | 0 | 0 |
| | ਬਠਿੰਡਾ | 0 | 0 | 0 | 0 | 0 | 0 | 0 | 1 | 0 | 0 |
| | ਸੰਗਰੂਰ | 0 | 0 | 0 | 0 | 0 | 0 | 2 | 1 | 0 | 0 |
| | ਲੁਧਿਆਣਾ | 0 | 0 | 0 | 0 | 0 | 0 | 0 | 2 | 0 | 0 |
| ਮੀਂਹ ਦੀ ਮਾਤਰਾ ਅਤੇ ਰੰਗ ਕੋਡ | | 0.1 to 2.4 ਮਿ. ਮੀ. | | 2.5 to 15.5 ਮਿ. ਮੀ. | | 15.6 to 64.4 ਮਿ. ਮੀ. | | 64.5 to 115.5 ਮਿ. ਮੀ. | | 115.6 to 204.4 ਮਿ. ਮੀ. | |
| ਮੀਂਹ ਦੀ ਕਿਸਮ | | ਬਹੁਤ ਹਲਕਾ ਮੀਂਹ | | ਹਲਕਾ ਮੀਂਹ | | ਮੱਧਮ ਦਰਜੇ ਦਾ ਮੀਂਹ | | ਭਾਰਾ ਮੀਂਹ | | ਬਹੁਤ ਭਾਰਾ ਮੀਂਹ | |

**ਫ਼ਸਲ ਦੀ ਹਾਲਤ :**

ਬਠਿੰਡਾ ਵਿਖੇ ਫ਼ਸਲ ਤੇ ਟੀਂਡੇ ਖਿੜਣ ਲੱਗੇ ਹਨ । ਕੁੱਲ ਮਿਲਾ ਕੇ, ਚੁਗਾਈ ਦਾ ਕੰਮ ਚੱਲ ਰਿਹਾ ਹੈ। ਕੁਝ ਖੇਤਾਂ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਹਰੇ ਟੀਂਡਿਆਂ ਵਿੱਚ 50 % ਤੱਕ ਸੀ। ਜਦੋਂ ਕਿ ਖਿੜੇ ਹੋਏ ਟੀਂਡਿਆਂ ਵਿੱਚ ਨੁਕਸਾਨ 20 % ਸੀ। ਕੁਝ ਖੇਤਾਂ ਵਿੱਚ ਟੀਂਡੇ ਗਲਣ ਅਤੇ ਬਹੁਤੇ ਖੇਤਾਂ ਵਿੱਚ ਪੱਤੇ ਮੁਰਝਾਉਣ ਦੀ ਬਿਮਾਰੀ ਦੇਖੀ ਗਈ ਹੈ ।

ਫ਼ਰੀਦਕੋਟ ਵਿਖੇ ਫ਼ਸਲ ਤੇ ਟੀਂਡੇ ਖਿੜਣ ਲੱਗੇ ਹਨ। ਨਰਮੇ-ਕਪਾਹ ਦੀ ਚੁਗਾਈ ਚੱਲ ਰਹੀ ਹੈ।

**ਸਲਾਹ :-**

ਬਠਿੰਡਾ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਰਮੇ-ਕਪਾਹ ਦੀ ਚੁਗਾਈ ਤੋਂ ਬਾਅਦ ਛਟੀਆਂ ਦੇ ਛੋਟੇ–ਛੋਟੇ ਟੁਕੜੇ (ਸ਼ਰੈਡਿੰਗ) ਕਰ ਦਿਓ । ਟੀਂਡੇ ਗਲਣ ਅਤੇ ਪੱਤਿਆਂ ਤੇ ਉੱਲੀਆਂ ਕਰਕੇ ਹੋਏ ਧੱਬਿਆਂ ਦੀ ਰੋਕਥਾਮ ਲਈ ਕਾਰਬੇਂਡਾਜ਼ਿਮ 50 ਡਬਲਯੂ ਪੀ @ 0.04 % ਜਾਂ ਕਾਰਬੇਂਡਾਜ਼ਿਮ 12 % + ਮੈਨਕੋਜ਼ੇਬ 63 % ਡਬਲਯੂ ਪੀ @ 0.3 % ਜਾਂ ਕ੍ਰੇਸੋਕਸਿਮ ਮਿਥਾਈਲ 44.3 ਐਸਸੀ @ 0.1 % ਜਾਂ ਪ੍ਰੋਪੀਨੇਬ 70 ਡਬਲਯੂ ਪੀ @ 0.25 % ਜਾਂ ਪ੍ਰੋਪੀਕੋਨਾਜ਼ੋਲ 25 ਈ ਸੀ @ 0.01 % ਜਾਂ ਮੇਟੀਰਾਮ 55 % + ਪਾਈਰਾਕਲੋਸਟ੍ਰੋਬਿਨ 5 % ਡਬਲਯੂ ਜੀ @ 0.2 % ਜਾਂ ਅਜ਼ੋਕਸੀਸਟ੍ਰੋਬਿਨ 18.2 % ਡਬਲਯੂ / ਡਬਲਯੂ + ਡਿਫੇਨੋਕੋਨਾਜ਼ੋਲ 11.4 % ਡਬਲਯੂ / ਡਬਲਯੂ ਐਸਸੀ @ 0.1 % ਜਾਂ ਫਲੈਕਸਪਾਈਰੋਕਸੈਡ 167 ਗ੍ਰਾਮ ਪ੍ਰਤੀ ਲਿਟਰ ਪਾਣੀ + ਪਾਈਰਾਕਲੋਸਟ੍ਰੋਬਿਨ 333 (ਗ੍ਰਾਮ ਪ੍ਰਤੀ ਲਿਟਰ ਪਾਣੀ) ਐਸ ਸੀ @ 0.6 % ਦਾ ਛਿੜਕਾਅ ਕਰੋ। ਜੜ੍ਹ ਗਲਣ ਅਤੇ ਪੱਤੇ ਮੁਰਝਾਉਣ ਦੀ ਬਿਮਾਰੀ ਦੀ ਰੋਕਥਾਮ ਲਈ, ਪ੍ਰਭਾਵਿਤ ਪੌਦਿਆਂ ਦੀਆਂ ਜੜ੍ਹਾਂ ਨੂੰ ਕਾਰਬੇਂਡਾਜ਼ਿਮ 50 ਡਬਲਯੂ ਪੀ @ 12 ਗ੍ਰਾਮ ਨੂੰ 10 ਲੀਟਰ ਪਾਣੀ ਵਿੱਚ ਘੋਲ ਕੇ ਜਾਂ ਟ੍ਰਾਈਕੋਡਰਮਾ ਹਾਰਜ਼ੀਆਨਮ ਜਾਂ ਟੀ. ਵਿਰਾਈਡ ਡਬਲਯੂ ਪੀ @ 50 ਗ੍ਰਾਮ ਨੂੰ 10 ਲੀਟਰ ਪਾਣੀ ਵਿੱਚ ਘੋਲ ਕੇ ਗੜੁੱਚ ਕਰੋ । ਗੁਲਾਬੀ ਸੁੰਡੀ ਦੀ ਆਬਾਦੀ ਵਧਣ ਤੋਂ ਰੋਕਣ ਲਈ ਆਖਰੀ ਚੁਗਾਈ ਤੋਂ ਤੁਰੰਤ ਬਾਅਦ, ਖੇਤ ਵਿੱਚੋਂ ਨਰਮੇ-ਕਪਾਹ ਦੀਆਂ ਛਟੀਆਂ ਬਾਹਰ ਕੱਢ ਕੇ ਨਸ਼ਟ ਕਰ ।

ਫ਼ਰੀਦਕੋਟ ਵਿਖੇ, ਜਲਦੀ ਅਤੇ ਇਕਸਾਰ ਨਰਮਾ ਖਿੜਾਉਣ ਲਈ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਐਥਰੇਲ 39 % (ਈਥੇਫੋਨ 39 %) @ 5.0 ਮਿਲੀਲੀਟਰ / ਲੀਟਰ ਪਾਣੀ ਦੇ ਇੱਕ ਛਿੜਕਾਅ ਨਾਲ ਰਸਾਇਣਕ ਤੌਰ ਤੇ ਫ਼ਸਲ ਦੇ ਪੱਤੇ ਝਾੜ ਲੈਣ । ਇਸ ਛਿੜਕਾਅ ਦੇ ਸੱਤ ਦਿਨਾਂ ਬਾਅਦ 85-90 % ਪੱਤੇ ਝੜ ਜਾਂਦੇ ਹਨ ਇਹ ਸੰਘਣੇ ਅਤੇ ਜ਼ਿਆਦਾ ਪਤਰਾਲ ਵਾਲੇ ਨਰਮੇਂ ਲਈ ਫ਼ਾਇਦੇਮੰਦ ਹੈ । ਮੰਡੀ ਵਿੱਚ ਵਧੇਰੇ ਕੀਮਤ ਲੈਣ ਲਈ ਨਰਮਾ-ਕਪਾਹ ਸਾਫ਼, ਸੁੱਕਾ ਅਤੇ ਤ੍ਰੇਲ ਸੁੱਕਣ ਤੋਂ ਬਾਅਦ ਚੁਣੋ । ਕਪਾਹ ਝੜਨ ਦੇ ਖ਼ਤਰੇ ਤੋਂ ਬਚਣ ਲਈ 15-20 ਦਿਨਾਂ ਬਾਅਦ ਚੁਗਾਈ ਕਰੋ । ਨਰਮਾ-ਕਪਾਹ ਚੁਗਣ ਤੋਂ ਬਾਅਦ ਗਿੱਲੇ ਖਾਲ੍ਹਾਂ ਵਿੱਚ ਨਾ ਰੱਖੋ ਕਿਉਂਕਿ ਇਸ ਤਰਾਂ ਕਰਨ ਨਾਲ ਨਰਮੇ-ਕਪਾਹ ਦੀ ਗੁਣਵੱਤਾ ਖ਼ਰਾਬ ਹੁੰਦੀ ਹੈ । ਨਰਮੇ-ਕਪਾਹ ਨੂੰ ਇੱਕ ਸੁੱਕੇ ਗੋਦਾਮ ਵਿੱਚ ਰੱਖੋ । ਮੰਡੀ ਵਿੱਚ ਵਧੇਰੇ ਕੀਮਤ ਲੈਣ ਲਈ ਵੱਖੋ-ਵੱਖ ਕਿਸਮਾਂ ਦੇ ਨਰਮੇ-ਕਪਾਹ ਨੂੰ ਅੱਡੋ-ਅੱਡ ਰੱਖੋ । ਆਖਰੀ ਚੁਗਾਈ ਤੋਂ ਤੁਰੰਤ ਬਾਅਦ, ਖੇਤ ਵਿੱਚੋਂ ਨਰਮੇ-ਕਪਾਹ ਦੀਆਂ ਛਟੀਆਂ ਬਾਹਰ ਕੱਢ ਦਿਓ ਅਤੇ ਗੁਲਾਬੀ ਸੁੰਡੀ ਤੋਂ ਬਚਾਅ ਲਈ ਬਾਕੀ ਬਚੇ ਬੂਟਿਆਂ ਦੇ ਮਲਬੇ ਨੂੰ

ਮਿੱਟੀ ਪਲਟਾਊ ਪਲਾਓ ਹਲ ਨਾਲ ਜ਼ਮੀਨ ਵਿੱਚ ਦੱਬ ਦਿਓ ।